[This question paper contains 2 printed pages.]

**Sr. No. of Question Paper : 5363** **G** **Your Roll No...............**

Unique Paper Code : 212551

Name of the Paper : Punjabi Discipline – A

Name of the Course : **BA (Prog.)**

Semester : V

Duration : 3 Hours Maximum Marks : 75

**Instructions for Candidates**

1. Write your Roll No. on the top immediately on receipt of this question paper.

**ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ **ਇਕ** ਨੂੰ ਸਾਹਿਤਕ ਨੁਕਤੇ ਤੋਂ ਪਰਖੋ : 15
   i. ਰਾਧਾ ਸੰਦੇਸ਼
   ii. ਕੋਹਲੂ
   iii. ਉਸ ਦਾ ਹਾਰ

2. ਹੇਠ ਲਿਖੇ ਕਾਵਿ-ਟੁਕੜਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 10
   i. ਕਵਿਤਾ ਦੀ ਸੁੰਦਰਤਾਈ, ਉੱਚੇ ਨਛੱਤਰੀ ਵਸਦੀ
   ਆਪਣੇ ਸੰਗੀਤ ਲਹਿਰੇ, ਆਪਣੇ ਪ੍ਰਕਾਸ਼ ਲਸਦੀ
   ਇਕ ਸ਼ਾਮ ਨੂੰ ਇਹ ਓਥੋਂ, ਹੇਠਾਂ ਪਲੰਮਦੀ ਆਈ
   ਰਸ ਰੰਗ ਨਾਲ ਕੰਬਦੀ, ਸੰਗੀਤ ਥਰਥਰਾਈ

   ਜਾਂ

   ii. ਅੰਨ ਦਾਤਾ!
   ਮੈਂ ਚੰਮ ਦੀ ਗੁੱਡੀ, ਖੇਡ ਲੈ, ਖਿਡਾ ਲੈ
   ਲਹੂ ਦਾ ਪਿਆਲਾ, ਪੀ ਲੈ, ਪਿਲਾ ਲੈ
   ਤੇਰੇ ਸਾਹਵੇਂ ਖੜੀ ਹਾਂ ਅਹਿ,
   ਵਰਤਣ ਦੀ ਸ਼ੈ, ਜਿਵੇਂ ਚਾਹੇਂ ਵਰਤ ਲੈ

3. ਹੇਠ ਲਿਖੇ ਇਕਾਂਗੀਆਂ ਵਿਚੋਂ ਕਿਸੇ **ਇਕ** ਵਿਚਲੇ ਨਾਟਕੀ ਤੱਤਾਂ ਨਾਲ ਜਾਣ ਪਛਾਣ ਕਰਾਓ : 25
   i) ਛੁਈ ਮੁਈ
   ii) ਵਫ਼ਾ ਦੀ ਹਲਦੀ
   iii) ਇਕ ਵਿਚਾਰੀ ਮਾਂ

4. ਹੇਠ ਲਿਖੇ ਪੈਰੇ ਨੂੰ ਸੰਖੇਪ ਕਰ ਕੇ ਲਿਖੋ : 05

ਸਮਾਜ ਵਿਚ ਜੇਕਰ ਵਿਧਵਾ ਦੁਬਾਰਾ ਵਿਆਹ ਕਰਵਾਉਣ ਦੀ ਹਿੰਮਤ ਵੀ ਕਰਦੀ ਹੈ ਤਾਂ ਉਸ ਦਾ ਰਿਸ਼ਤਾ ਪਤੀ ਦੇ ਭਰਾ ਨਾਲ ਜੋੜ ਦਿੱਤਾ ਜਾਂਦਾ ਹੈਂ। ਭਾਵੇਂ ਇਉਂ ਉਹ ਔਰਤ ਆਪਣੇ ਜੀਵਨ ਦੇ ਦੁੱਖਾਂ ਤੋਂ ਕੁਝ ਹੱਦ ਤੱਕ ਮੁਕਤੀ ਪਾ ਲੈਂਦੀ ਹੈ। ਇਸ ਫੈਸਲੇ ਵਿਚ ਵੀ ਉਸ ਦੀ ਮਰਜ਼ੀ ਕੋਈ ਥਾਂ ਨਹੀਂ ਰੱਖਦੀ ਸਗੋਂ ਸਮਾਜਿਕ ਫੈਸਲਾ ਹੀ ਯੋਗ ਮੰਨਿਆ ਜਾਂਦਾ ਹੈ। ਜੇਕਰ ਵਿਧਵਾ ਔਰਤ ਦੁਬਾਰਾ ਵਿਆਹ ਨਾ ਕਰਵਾਏ ਤਾਂ ਉਸ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਵਿਧਵਾ ਦਾ ਖੁਸ਼ੀ ਦੇ ਮੌਕਿਆਂ ਤੇ ਅੱਗੇ ਹੋਣਾ ਚੰਗਾ ਨਹੀਂ ਸਮਝਿਆ ਜਾਂਦਾ। ਇਸ ਤਰ੍ਹਾਂ ਔਰਤ ਦਾ ਵਿਧਵਾ ਹੋ ਜਾਣਾ ਘੋਰ ਦੁਖਾਂਤਕ ਸਥਿਤੀ ਹੈ ਕਿਉਂਕਿ ਔਰਤ ਲਈ ਸਵੈ ਤੇ ਸਵੈਮਾਨ ਦੋਨੋਂ ਬਚਾਉਣੇ ਔਖੇ ਹਨ।

5. ਅਗੇਤਰ ਤੇ ਪਿਛੇਤਰ ਦੀ ਵਰਤੋਂ ਕਿਵੇਂ ਹੁੰਦੀ ਹੈ ਤੇ ਇਸ ਨਾਲ ਸ਼ਬਦ ਦੇ ਰੂਪ ਵਿਚ ਕਿਹੋ ਜਿਹੀ ਤਬਦੀਲੀ ਹੁੰਦੀ ਹੈ। 05

6. ਕਾਰਕ ਦੀ ਪਰਿਭਾਸ਼ਾ ਲਿਖੋ। 05

7. ਸ਼ਬਦ ਜੋੜਾਂ ਦੇ ਕੋਈ ਤਿੰਨ ਨੇਮ ਲਿਖੋ। ਉੱਤਰ ਨੂੰ ਉਦਾਹਰਣ ਦੇ ਕੇ ਸਮਝਾਓ। 05

8. ਲਗਾਂ ਤੇ ਲਗਾਖਰਾਂ ਤੋਂ ਤੁਸੀਂ ਕੀ ਸਮਝਦੇ ਹੋ? ਉਦਾਹਰਨ ਵੀ ਦਿਓ। 05